# BUDHA DAL PUBLIC SCHOOL PATIALA
## Final Examination (16 March 2023)
**Class - VI**
**Paper - Punjabi**
**Set - A**

**Time: 3 hrs.** **MM: 80**

**ਨੋਟ: ਲਿਖਾਈ ਸ਼ੁੱਧ, ਸੁੰਦਰ ਅਤੇ ਖੁੱਲ੍ਹੀ - ਖੁੱਲ੍ਹੀ ਕਰਨ ਦਾ ਜਤਨ ਕਰੋ।**

**ਪੜ੍ਹਨ-ਕੌਸ਼ਲ**

**1) ਹੇਠ ਲਿਖੇ ਅਣਡਿੱਠੇ ਪੈਰ੍ਹੇ ਨੂੰ ਪੜ੍ਹ ਕੇ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ:** (5)

ਸ੍ਰੀ ਗੁਰੂ ਨਾਨਕ ਦੇਵ ਜੀ ਸਿੱਖਾਂ ਦੇ ਪਹਿਲੇ ਗੁਰੂ ਹੋਏ ਹਨ। ਉਦਾਸੀਆਂ ਦੌਰਾਨ ਗੁਰੂ ਜੀ ਆਪਣੇ ਸਾਥੀ ਭਾਈ ਮਰਦਾਨੇ ਨਾਲ ਕੰਧਾਰ ਦੇਸ਼ ਵਿੱਚ ਹਸਨ ਅਬਦਾਲ ਇਲਾਕੇ ਵਿੱਚ ਪਹੁੰਚੇ। ਭਾਈ ਮਰਦਾਨਾ ਗੁਰੂ ਸਾਹਿਬ ਦਾ ਪੱਕਾ ਸਾਥੀ ਸੀ। ਇਸ ਪਹਾੜੀ ਇਲਾਕੇ ਵਿੱਚ ਚਲਦੇ-ਚਲਦੇ ਮਰਦਾਨੇ ਨੂੰ ਪਿਆਸ ਲੱਗੀ। ਉਹ ਗੁਰੂ ਸਾਹਿਬ ਨੂੰ ਕਹਿਣ ਲੱਗਾ, "ਬਾਬਾ ਜੀ ਪਿਆਸ ਨਾਲ ਮੇਰੀ ਜਾਨ ਨਿਕਲ ਰਹੀ ਹੈ।" ਗੁਰੂ ਜੀ ਬੋਲੇ, "ਮਰਦਾਨਿਆ, ਪਹਾੜੀ ਇਲਾਕੇ ਵਿੱਚ ਪਾਣੀ ਲੱਭਣਾ ਅਸਾਨ ਨਹੀਂ। ਇਸ ਪਹਾੜੀ ਉੱਪਰ ਇੱਕ ਵਲੀ ਕੰਧਾਰੀ ਨਾਂ ਦਾ ਫ਼ਕੀਰ ਰਹਿੰਦਾ ਹੈ। ਉਸ ਦੇ ਕੋਲ ਇਕ ਪਾਣੀ ਦਾ ਝਰਨਾ ਵਗਦਾ ਹੈ। ਜਾਓ, ਉਸ ਕੋਲੋਂ ਪਾਣੀ ਪੀ ਆਓ।"

ੳ) ਸ੍ਰੀ ਗੁਰੂ ਨਾਨਕ ਦੇਵ ਜੀ ਸਿੱਖਾਂ ਦੇ ਕਿੰਨਵੇਂ ਗੁਰੂ ਹੋਏ ਹਨ?
ਅ) ਗੁਰੂ ਸਾਹਿਬ ਉਦਾਸੀਆਂ ਦੌਰਾਨ ਕਿਹੜੇ ਇਲਾਕੇ ਵਿੱਚ ਪਹੁੰਚੇ?
ੲ) ਗੁਰੂ ਨਾਨਕ ਦੇਵ ਜੀ ਦਾ ਪੱਕਾ ਸਾਥੀ ਕੌਣ ਸੀ?
ਸ) ਪਹਾੜੀ ਉੱਤੇ ਰਹਿਣ ਵਾਲੇ ਫ਼ਕੀਰ ਦਾ ਕੀ ਨਾਂ ਸੀ?
ਸ) ਉਪਰੋਕਤ ਪੈਰ੍ਹੇ ਦਾ ਢੁੱਕਵਾਂ ਸਿਰਲੇਖ ਲਿਖੋ।

**2) ਹੇਠ ਲਿਖੇ ਚਿੱਤਰ ਨੂੰ ਵੇਖ ਕੇ ਆਪਣੇ ਭਾਵ 40-50 ਸ਼ਬਦਾਂ ਵਿੱਚ ਲਿਖੋ।** (4)



A-1

## ਲਿਖਣ-ਕੌਸ਼ਲ

3) ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ ਇੱਕ ਵਿਸ਼ੇ ਤੇ ਲੇਖ ਲਿਖੋ। (10)

**ਸ੍ਰੀ ਗੁਰੂ ਗੋਬਿੰਦ ਸਿੰਘ ਜੀ**

ਨੁਕਤੇ -

ਜਾਣ-ਪਛਾਣ, ਜਨਮ ਤੇ ਬਚਪਨ, ਅਨੰਦਪੁਰ ਸਾਹਿਬ ਆ ਜਾਣਾ, ਪਿਤਾ ਦੀ ਕੁਰਬਾਨੀ, ਜੰਗੀ ਤਿਆਰੀਆਂ, ਖਾਲਸਾ ਪੰਥ ਦੀ ਸਾਜਨਾ, ਸਾਹਿਬਜ਼ਾਦਿਆਂ ਦੀ ਸ਼ਹੀਦੀ, ਨੰਦੇੜ ਵੱਲ ਜਾਣਾ, ਜੋਤੀ ਜੋਤ ਸਮਾਉਣਾ।

ਜਾਂ

**ਦੀਵਾਲੀ**

ਨੁਕਤੇ -

ਜਾਣ-ਪਛਾਣ, ਦੀਵਾਲੀ ਦੀਆਂ ਤਿਆਰੀਆਂ, ਇਤਿਹਾਸਕ ਪਿਛੋਕੜ, ਬਜ਼ਾਰਾਂ ਦਾ ਦ੍ਰਿਸ਼, ਦੀਵਾਲੀ ਦਾ ਦਿਨ, ਰਾਤ ਦਾ ਦ੍ਰਿਸ਼, ਖੁਸ਼ੀਆਂ ਭਰਿਆ ਤਿਉਹਾਰ।

4) ਆਪਣੇ ਸਕੂਲ ਦੇ ਮੁੱਖ ਅਧਿਆਪਕਾ ਜੀ ਨੂੰ ਬਿਮਾਰੀ ਦੀ ਛੁੱਟੀ ਲੈਣ ਲਈ ਬਿਨੈ-ਪੱਤਰ ਲਿਖੋ। (7)

ਜਾਂ

ਆਪਣੇ ਸਕੂਲ ਦੇ ਮੁੱਖ ਅਧਿਆਪਕਾ ਜੀ ਨੂੰ ਜੁਰਮਾਨਾ ਮੁਆਫ਼ੀ ਲਈ ਬਿਨੈ-ਪੱਤਰ ਲਿਖੋ।

## ਵਿਆਕਰਨ

**1) ਹੇਠਾਂ ਦਿੱਤੇ ਮੁਹਾਵਰਿਆਂ ਨੂੰ ਵਾਕਾਂ ਵਿੱਚ ਇਸ ਤਰ੍ਹਾਂ ਵਰਤੋਂ ਕਿ ਉਹਨਾਂ ਦੇ ਅਰਥ ਸਪੱਸ਼ਟ ਹੋ ਜਾਣ:**

ੳ) ਹੱਥ ਵਟਾਉਣਾ

ਅ) ਗਦ - ਗਦ ਹੋਣਾ (1×3=3)

ੲ) ਘਿਓ ਖਿਚੜੀ ਹੋਣਾ

**2) ਹੇਠ ਲਿਖੇ ਬਹੁਤੇ ਸ਼ਬਦਾਂ ਦੀ ਥਾਂ ਇੱਕ ਸ਼ਬਦ ਲਿਖੋ:**

ੳ) ਕਹਾਣੀ ਲਿਖਣ ਵਾਲਾ (1×3=3)

ਅ) ਜੋ ਦੇਸ਼ ਨਾਲ ਗੱਦਾਰੀ ਕਰੇ

ੲ) ਆਪਣਾ ਮਤਲਬ ਕੱਢਣ ਵਾਲਾ

**3) ਹੇਠ ਲਿਖੇ ਸ਼ਬਦਾਂ ਦੇ ਦੋ-ਦੋ ਸਮਾਨਾਰਥਕ ਸ਼ਬਦ ਲਿਖੋ:**

ਭੂਮੀ, ਮਿੱਤਰ (1×2=2)

**4) ਹੇਠ ਲਿਖੇ ਅਗੇਤਰ ਸ਼ਬਦ ਲਗਾ ਕੇ ਦੋ-ਦੋ ਸ਼ਬਦ ਬਣਾਓ:**

ਕਮ, ਗੈਰ (1×2=2)

**5) ਹੇਠ ਲਿਖੇ ਪਿਛੇਤਰ ਸ਼ਬਦ ਲਗਾ ਕੇ ਦੋ-ਦੋ ਸ਼ਬਦ ਬਣਾਓ:**

ਆਕਲ, ਮੰਦ (1×2=2)

**6) ਹੇਠ ਲਿਖੇ ਅਸ਼ੁੱਧ ਸ਼ਬਦਾਂ ਨੂੰ ਸ਼ੁੱਧ ਕਰਕੇ ਲਿਖੋ:**

ਗੇਂਧ, ਕੇਹੜਾ, ਹੱਸਨਾ, ਸੂਰਜ (½×4=2)



A-2

(10)

7) **ਹੇਠ ਲਿਖੇ ਸ਼ਬਦਾਂ ਦੇ ਵਿਰੋਧੀ ਸ਼ਬਦ ਲਿਖੋ:** (½×4=2)

ਹਾਰ, ਸਰਦੀ, ਜਨਮ, ਨਰਕ

8) **ਹੇਠ ਲਿਖੇ ਸ਼ਬਦਾਂ ਦੇ ਲਿੰਗ ਬਦਲੋ:** (½×4=2)

ਪੁੱਤਰ, ਸਰਦਾਰ, ਆਦਮੀ, ਤਾਇਆ

9) **ਹੇਠ ਲਿਖੇ ਸ਼ਬਦਾਂ ਦੇ ਵਚਨ ਬਦਲੋ:** (½×4=2)

ਚਾਕੂ, ਕੁੜੀ, ਨਕਸ਼ਾ, ਕਲਾ

10) **ਹੇਠ ਲਿਖੇ ਵਾਕਾਂ ਵਿੱਚੋਂ ਪੜਨਾਂਵ ਸ਼ਬਦ ਚੁਣ ਕੇ ਉਹਨਾਂ ਦੀ ਕਿਸਮ ਲਿਖੋ:** (1×2=2)

ੳ) ਆਪਣਾ ਕੰਮ ਆਪ ਕਰੋ।

ਅ) ਅਸੀਂ ਸ਼ਿਮਲਾ ਜਾਵਾਂਗੇ।

11) **ਹੇਠ ਲਿਖੇ ਵਾਕਾਂ ਵਿੱਚ ਉਚਿਤ ਥਾਂ ਤੇ ਵਿਸ਼ਰਾਮ ਚਿੰਨ੍ਹ ਲਗਾਓ:** (1×2=2)

ੳ) ਤੁਸੀਂ ਕਦੋਂ ਆਓਗੇ

ਅ) ਮੈਂ ਦੁਕਾਨ ਤੋਂ ਆਟਾ ਨਮਕ ਤੇ ਦਾਲ ਖਰੀਦੀ

## ਪਾਠ ਪੁਸਤਕਾਂ ਤੇ ਅਧਾਰਿਤ

13) **ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇੱਕ ਵਾਕ ਵਿੱਚ ਦਿਓ। (ਕੋਈ ਛੇ):** (1×6=6)

ੳ) ਸਮਨੀਤ ਨੇ ਝੂਠ ਬੋਲ ਕੇ ਪਾਪਾ ਕੋਲੋਂ ਦੋ ਸੌ ਰੁਪਏ ਕਿਉਂ ਲਏ?

ਅ) ਦੁੱਖੀ ਹੋਇਆ ਬਾਉਲਾਲ ਕਿੱਥੇ ਤੁਰ ਪੈਂਦਾ ਹੈ?

ੲ) ਰਵਿੰਦਰ ਸਿੰਘ ਨੂੰ ਸਹੀ ਦਿਸ਼ਾ ਵਿਖਾਉਣ ਵਾਲਾ ਕੌਣ ਸੀ?

ਸ) ਅੱਖਾਂ ਦੀ ਰੌਸ਼ਨੀ ਚਲੇ ਜਾਣ ਤੇ ਬੁੱਢੀ ਕੀ ਕਰਨ ਲੱਗੀ?

ਹ) ਪੰਛੀ ਆਪਣੇ ਆਲ੍ਹਣੇ ਕਿੱਥੇ ਬਣਾਉਂਦੇ ਹਨ?

ਕ) ਲੋਰੀ ਬੱਚੇ ਦੇ ਨੈਣਾਂ ਵਿੱਚ ਕੀ ਭਰ ਦਿੰਦੀ ਹੈ?

ਖ) ਰੁੱਖ ਗਰਮੀ ਵਿੱਚ ਸਾਨੂੰ ਕੀ ਦਿੰਦੇ ਹਨ?

14) **ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਸੰਖੇਪ ਵਿੱਚ ਦਿਓ: (ਕੋਈ ਛੇ)** (2×6=12)

ੳ) ਬਾਬੇ ਬਖਤੌਰੇ ਦੇ ਚਿਹਰੇ 'ਤੇ ਨੂਰ ਕਦੋਂ ਆ ਜਾਂਦਾ ਹੈ?

ਅ) ਰੁੱਖ ਵਾਤਾਵਰਨ ਲਈ ਕਿਵੇਂ ਲਾਭਕਾਰੀ ਹਨ?

ੲ) ਲੇਖਕ ਦੇ ਦਿਮਾਗ ਵਿੱਚ ਰਵਿੰਦਰ ਸਿੰਘ ਦੀ ਕਿਹੋ ਜਿਹੀ ਛਵੀ ਤੈਰਨ ਲੱਗੀ?

ਸ) ਬੁੱਢੀ ਔਰਤ ਦਾ ਦੁਨੀਆ ਵਿੱਚ ਕੌਣ-ਕੌਣ ਆਪਣਾ ਸੀ?

ਹ) ਸਮਨੀਤ ਨੇ ਸਕੂਲ ਦੇ ਗੇਟ ਕੋਲ ਕਿਸ ਨੂੰ ਖੜ੍ਹੇ ਵੇਖਿਆ? ਉਹ ਕੀ ਕਰ ਰਿਹਾ ਸੀ?

ਕ) 'ਮਾਵਾਂ ਠੰਢੀਆਂ ਛਾਵਾਂ' ਕਵਿਤਾ ਵਿੱਚ ਕਿਸ ਦੀ ਮਹਾਨਤਾ ਦਰਸਾਈ ਹੈ ਅਤੇ ਕਿਵੇਂ?

ਖ) ਰਵਿੰਦਰ ਸਿੰਘ ਨੇ ਦਵਾਈ ਕਿਉਂ ਪੀਤੀ ਸੀ?

A-3

15) **ਖਾਲੀ ਥਾਵਾਂ ਭਰੋ:** (1×3=3)

ੳ) ਪ੍ਰਿੰਸੀਪਲ ਕਿਰਪਾਲ ਦਾਸ ਅੱਜ ................ ਖੁਸ਼ ਸਨ।

ਅ) ਬੁੱਢੀ ਰੋ-ਰੋ ਕੇ .............. ਹੋ ਗਈ ਹੈ।

ੲ) ਸ਼ੇਅਰ ਸੁਣਾਉਂਦਿਆਂ ਬਾਊਲਾਲ ਅਕਸਰ ਹੀ .................. ਹੋ ਜਾਂਦਾ ਹੈ।

16) **ਹੇਠ ਲਿਖੇ ਵਾਕਾਂ ਵਿੱਚੋਂ ਸਹੀ ਵਾਕ ਅੱਗੇ ਸਹੀ ਅਤੇ ਗਲਤ ਵਾਕ ਅੱਗੇ ਗਲਤ ਲਿਖੋ।** (½×4=2)

ੳ) ਮਹਾਂਨਗਰ ਵਿੱਚ ਰਹਿੰਦਿਆਂ ਬਾਊਲਾਲ ਬਹੁਤ ਖੁਸ਼ ਹੁੰਦਾ ਹੈ।

ਅ) ਅੱਖਾਂ ਦੀ ਰੌਸ਼ਨੀ ਜਾਣ ਕਾਰਨ ਬੁੱਢੀ ਬਹੁਤ ਪਰੇਸ਼ਾਨ ਸੀ।

ੲ) ਰੁੱਖਾਂ ਨੂੰ ਸੰਤੋਖੀ ਕਹਿ ਕੇ ਵਡਿਆਇਆ ਗਿਆ ਹੈ।

ਸ) ਦਰਸ਼ਨ ਪਾਲ ਦੇ ਪਿਤਾ ਗਣਿਤ ਦੇ ਅਧਿਆਪਕ ਸਨ।

17) **ਹੇਠ ਲਿਖੇ ਸ਼ਬਦ ਕਿਸ ਨੇ ਕਿਸ ਨੂੰ ਕਹੇ:** (1×2=2)

ੳ) "ਪਾਪਾ ! ਤੁਸੀਂ ਦਸਵੀਂ ਤੋਂ ਬਾਅਦ ਮੈਨੂੰ ਅਚਾਨਕ ਆਪਣੇ ਸਕੂਲ ਤੋਂ ਹਟਾ ਕੇ ਦੂਰ ਦੇ ਸਕੂਲ ਵਿੱਚ ਭੇਜ ਦਿੱਤਾ ਸੀ, ਜਦਕਿ ਮੈਂ ਦੋ ਸਾਲ ਹੋਰ ਘਰੇ ਰਹਿ ਕੇ ਇਸ ਸਕੂਲ ਵਿੱਚ ਪੜ੍ਹ ਸਕਦਾ ਸੀ।"

ਅ) "ਤੈਨੂੰ ਠੰਢ ਨਹੀਂ ਲੱਗਦੀ।"

18) **ਹੇਠ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋਂ: (ਕੋਈ ਪੰਜ)** (1×5=5)

ਮਹਿਮਾਨ, ਚਰਖਾ, ਸਫ਼ਲਤਾ, ਜਾਂਚ - ਪੜਤਾਲ, ਕਸਰਤ, ਵਾਤਾਵਰਨ



A-4

# BUDHA DAL PUBLIC SCHOOL PATIALA
## Final Examination (16 March 2023)
**Class - VI**
**Paper - Punjabi**
**Set - B**

**Time: 3 hrs.** **MM: 80**

ਨੋਟ: ਲਿਖਾਈ ਸ਼ੁੱਧ, ਸੁੰਦਰ ਅਤੇ ਖੁੱਲ੍ਹੀ - ਖੁੱਲ੍ਹੀ ਕਰਨ ਦਾ ਜਤਨ ਕਰੋ।

ਪੜ੍ਹਨ-ਕੌਸ਼ਲ

1) ਹੇਠ ਲਿਖੇ ਅਣਡਿੱਠੇ ਪੈਰ੍ਹੇ ਨੂੰ ਪੜ੍ਹ ਕੇ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ: (5)

ਸਵੇਰ ਦੀ ਸੈਰ ਸਾਡੇ ਸਰੀਰ ਨੂੰ ਤੰਦਰੁਸਤ ਰੱਖਦੀ ਹੈ। ਇਹ ਸਾਡੀ ਉਮਰ ਨੂੰ ਲੰਮਾ ਕਰਦੀ ਹੈ। ਸਵੇਰ ਵੇਲੇ ਮੌਸਮ ਖੁਸ਼ਨੁਮਾ ਹੁੰਦਾ ਹੈ। ਸਵੇਰ ਦੀ ਸੈਰ ਸਾਨੂੰ ਬਿਮਾਰੀਆਂ ਤੋਂ ਬਚਾਉਂਦੀ ਹੈ। ਤਾਜ਼ੀ ਹਵਾ ਸਾਡੇ ਸਰੀਰ ਵਿੱਚ ਖ਼ੂਨ ਦਾ ਗੇੜ ਤੇਜ਼ ਕਰਦੀ ਹੈ ਅਤੇ ਤਾਜ਼ਗੀ ਭਰਦੀ ਹੈ। ਪੰਛੀਆਂ ਦੀਆਂ ਅਵਾਜ਼ਾਂ, ਰੁਮਕਦੀ ਹਵਾ ਵਾਲੇ ਪੌਦਿਆਂ ਦੇ ਪੱਤਿਆਂ ਦਾ ਹਿੱਲਣਾ ਮਨ ਨੂੰ ਭਾਉਂਦਾ ਹੈ। ਕੰਮ ਕਰਨ ਨੂੰ ਦਿਲ ਕਰਦਾ ਹੈ। ਸੁਸਤੀ ਦੂਰ ਹੋ ਜਾਂਦੀ ਹੈ। ਦਿਲ - ਦਿਮਾਗ ਤਰੋ-ਤਾਜ਼ਾ ਹੋ ਜਾਂਦੇ ਹਨ। ਸਵੇਰ ਦੀ ਸੈਰ ਸਾਡੇ ਲਈ ਇੱਕ ਅਮੁੱਲ ਦਾਤ ਹੈ।

ੳ) ਸਾਨੂੰ ਬਿਮਾਰੀਆਂ ਤੋਂ ਕੌਣ ਬਚਾ ਸਕਦਾ ਹੈ?
ਅ) ਸਵੇਰ ਦਾ ਮੌਸਮ ਕਿਸ ਤਰ੍ਹਾਂ ਦਾ ਹੁੰਦਾ ਹੈ?
ੲ) ਤਾਜ਼ੀ ਹਵਾ ਸਾਡੇ ਸਰੀਰ ਵਿੱਚ ਖ਼ੂਨ ਦੇ ਗੇੜ ਨੂੰ ਕੀ ਕਰਦੀ ਹੈ?
ਸ) ਸਵੇਰ ਦੀ ਸੈਰ ਸਾਡੇ ਲਈ ਕਿਹੜੀ ਦਾਤ ਹੈ?
ਸ) ਉਪਰੋਕਤ ਪੈਰ੍ਹੇ ਦਾ ਢੁਕਵਾਂ ਸਿਰਲੇਖ ਲਿਖੋ।

2) ਹੇਠ ਲਿਖੇ ਚਿੱਤਰ ਨੂੰ ਵੇਖ ਕੇ ਆਪਣੇ ਭਾਵ 40-50 ਸ਼ਬਦਾਂ ਵਿੱਚ ਲਿਖੋ। (4)



## ਲਿਖਣ-ਕੌਸ਼ਲ

3) ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ ਇੱਕ ਵਿਸ਼ੇ ਤੇ ਲੇਖ ਲਿਖੋ। (10)

**26 ਜਨਵਰੀ**

ਨੁਕਤੇ -

ਜਾਣ-ਪਛਾਣ, ਦੇਸ਼-ਭਗਤਾਂ ਵੱਲੋਂ ਅਜ਼ਾਦੀ ਦਾ ਐਲਾਨ, ਅਜ਼ਾਦ ਭਾਰਤ ਦਾ ਸੰਵਿਧਾਨ ਲਾਗੂ ਹੋਣਾ, ਸਮਾਗਮ ਤੇ ਰੌਣਕਾਂ, ਦਿੱਲੀ ਵਿਖੇ ਰਾਸ਼ਟਰੀ ਪੱਧਰ ਦਾ ਸਮਾਗਮ, ਪਰੇਡ ਦਾ ਦ੍ਰਿਸ਼ ਤੇ ਕਲਾਕਾਰੀ ਦੇ ਜੌਹਰ।

ਜਾਂ

**ਦੀਵਾਲੀ**

ਨੁਕਤੇ -

ਜਾਣ-ਪਛਾਣ, ਦੀਵਾਲੀ ਦੀਆਂ ਤਿਆਰੀਆਂ, ਇਤਿਹਾਸਕ ਪਿਛੋਕੜ, ਬਜ਼ਾਰਾਂ ਦਾ ਦ੍ਰਿਸ਼, ਦੀਵਾਲੀ ਦਾ ਦਿਨ, ਰਾਤ ਦਾ ਦ੍ਰਿਸ਼, ਖੁਸ਼ੀਆਂ ਭਰਿਆ ਤਿਉਹਾਰ।

4) ਆਪਣੇ ਸਕੂਲ ਦੇ ਮੁੱਖ ਅਧਿਆਪਕਾ ਜੀ ਨੂੰ ਜੁਰਮਾਨਾ ਮੁਆਫ਼ੀ ਲਈ ਬਿਨੈ-ਪੱਤਰ ਲਿਖੋ। (7)

ਜਾਂ

ਆਪਣੇ ਸਕੂਲ ਦੇ ਮੁੱਖ ਅਧਿਆਪਕਾ ਜੀ ਨੂੰ ਬਿਮਾਰੀ ਦੀ ਛੁੱਟੀ ਲੈਣ ਲਈ ਬਿਨੈ-ਪੱਤਰ ਲਿਖੋ।

## ਵਿਆਕਰਨ

1) ਹੇਠਾਂ ਦਿੱਤੇ ਮੁਹਾਵਰਿਆਂ ਨੂੰ ਵਾਕਾਂ ਵਿੱਚ ਇਸ ਤਰ੍ਹਾਂ ਵਰਤੋਂ ਕਿ ਉਹਨਾਂ ਦੇ ਅਰਥ ਸਪੱਸ਼ਟ ਹੋ ਜਾਣ: (1×3=3)

ੳ) ਕੰਨ ਭਰਨੇ

ਅ) ਘੋੜੇ ਵੇਚ ਦੇ ਸੌਣਾ

ੲ) ਚਾਂਦੀ ਦੀ ਜੁੱਤੀ ਮਾਰਨੀ

2) ਹੇਠ ਲਿਖੇ ਬਹੁਤੇ ਸ਼ਬਦਾਂ ਦੀ ਥਾਂ ਇੱਕ ਸ਼ਬਦ ਲਿਖੋ: (1×3=3)

ੳ) ਜਿਹੜਾ ਪਾਠ ਬਿਨਾਂ ਰੁਕੇ ਚਲੇ

ਅ) ਬਹੁਤ ਪੈਸੇ ਖਰਚ ਕਰਨ ਵਾਲਾ

ੲ) ਜਿਸਨੇ ਦੇਸ਼ ਦੀ ਖਾਤਰ ਜਾਨ ਕੁਰਬਾਨ ਕੀਤੀ ਹੋਵੇ

3) ਹੇਠ ਲਿਖੇ ਸ਼ਬਦਾਂ ਦੇ ਦੋ-ਦੋ ਸਮਾਨਾਰਥਕ ਸ਼ਬਦ ਲਿਖੋ: (1×2=2)

ਕਮਜ਼ੋਰ, ਸੰਸਾਰ

4) ਹੇਠ ਲਿਖੇ ਅਗੇਤਰ ਸ਼ਬਦ ਲਗਾ ਕੇ ਦੋ-ਦੋ ਸ਼ਬਦ ਬਣਾਓ: (1×2=2)

ਖੁਸ਼, ਸਹਿ

5) ਹੇਠ ਲਿਖੇ ਪਿਛੇਤਰ ਸ਼ਬਦ ਲਗਾ ਕੇ ਦੋ-ਦੋ ਸ਼ਬਦ ਬਣਾਓ: (1×2=2)

ਕਾਰ, ਗਰ

6) ਹੇਠ ਲਿਖੇ ਅਸ਼ੁੱਧ ਸ਼ਬਦਾਂ ਨੂੰ ਸ਼ੁੱਧ ਕਰਕੇ ਲਿਖੋ: (½×4=2)

ਖੇਡਨਾ, ਕਵੀਤਾ, ਸ਼ੈਹਰ, ਬਾਜ਼ਾਰ

7) ਹੇਠ ਲਿਖੇ ਸ਼ਬਦਾਂ ਦੇ ਵਿਰੋਧੀ ਸ਼ਬਦ ਲਿਖੋ: (½×4=2)
ਧਰਤੀ, ਅਮੀਰ, ਮਹਿੰਗਾ, ਨੌਕਰ

8) ਹੇਠ ਲਿਖੇ ਸ਼ਬਦਾਂ ਦੇ ਲਿੰਗ ਬਦਲੋ: (½×4=2)
ਪਠਾਣ, ਕਬੂਤਰ, ਭਰਾ, ਬਾਦਸ਼ਾਹ

9) ਹੇਠ ਲਿਖੇ ਸ਼ਬਦਾਂ ਦੇ ਵਚਨ ਬਦਲੋ: (½×4=2)
ਆਲੂ, ਘੋੜੀ, ਗਮਲਾ, ਹਵਾ

10) ਹੇਠ ਲਿਖੇ ਵਾਕਾਂ ਵਿੱਚੋਂ ਪੜਨਾਂਵ ਸ਼ਬਦ ਚੁਣ ਕੇ ਉਹਨਾਂ ਦੀ ਕਿਸਮ ਲਿਖੋ: (1×2=2)
ੳ) ਅਸੀਂ ਖੇਡ ਰਹੇ ਹਾਂ।
ਅ) ਕੌਣ ਆਇਆ ਹੈ?

11) ਹੇਠ ਲਿਖੇ ਵਾਕਾਂ ਵਿੱਚ ਉਚਿਤ ਥਾਂ ਤੇ ਵਿਸ਼ਰਾਮ ਚਿੰਨ੍ਹ ਲਗਾਓ: (1×2=2)
ੳ) ਵਾਹ ਅਸੀਂ ਫ਼ਸਟ ਆ ਗਏ
ਅ) ਮੈਂ ਸ਼ਾਮ ਨੂੰ ਪਾਰਕ ਗਿਆ ਸੀ

## ਪਾਠ ਪੁਸਤਕਾਂ ਤੇ ਅਧਾਰਤ

13) ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇੱਕ ਵਾਕ ਵਿੱਚ ਦਿਓ। (ਕੋਈ ਛੇ): (1×6=6)
ੳ) ਸਕੂਲ ਦੇ ਗੇਟ ਕੋਲ ਸਮਨੀਤ ਨੇ ਕਿਸ ਨੂੰ ਦੇਖਿਆ?
ਅ) ਮਹਾਂਨਗਰਾਂ ਦੇ ਮਨੁੱਖਾਂ ਵਿੱਚ ਮੁਹੱਬਤ ਕੀ ਹੋ ਗਈ ਹੈ?
ੲ) ਕਿਸ ਦੇ ਹੁੰਦਿਆਂ ਘਰ ਦਾ ਬੂਹਾ ਖੁੱਲ੍ਹਾ ਰਹਿੰਦਾ ਹੈ?
ਸ) ਬੁੱਢੀ ਦਾ ਦਿਓਰ ਉਸ ਨੂੰ ਕਿਸ ਕੋਲ ਲੈ ਕੇ ਗਿਆ?
ਹ) ਕੋਇਲਾ ਕਿਸ ਤੋਂ ਤਿਆਰ ਹੁੰਦਾ ਹੈ?
ਕ) ਪੂਣੀਆਂ ਕੱਤਦੀ ਮਾਂ ਕੀ ਕਰਦੀ ਹੈ?
ਖ) ਕਿਹੜੇ ਵਿਸ਼ੇ ਦੇ ਅਧਿਆਪਕ ਨੇ ਦਰਸ਼ਨਪਾਲ ਦੀ ਇਮਤਿਹਾਨਾਂ ਵਿੱਚ ਗ਼ੈਰ-ਵਾਜਬ ਮਦਦ ਨਹੀਂ ਕੀਤੀ ਸੀ?

14) ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਸੰਖੇਪ ਵਿੱਚ ਦਿਓ: (ਕੋਈ ਛੇ) (2×6=12)
ੳ) ਮਹਾਂ ਨਗਰਾਂ ਵਿੱਚ ਕਿਸ ਤਰ੍ਹਾਂ ਦੇ ਲੋਕ ਮਿਲਦੇ ਹਨ?
ਅ) ਰੁੱਖਾਂ ਨੂੰ ਸੰਤੋਖੀ ਕਹਿ ਕੇ ਕਿਉਂ ਵਡਿਆਇਆ ਗਿਆ ਹੈ?
ੲ) ਲੋਰੀ ਦਾ ਕੀ ਅਰਥ ਹੈ? ਇਸ ਦਾ ਪ੍ਰਯੋਗ ਕਦੋਂ ਕੀਤਾ ਜਾਂਦਾ ਹੈ?
ਸ) ਬੱਬੂ ਨੂੰ ਪੜ੍ਹਾਈ ਛੱਡ ਕੇ ਕੰਮ ਕਿਉਂ ਕਰਨਾ ਪਿਆ ਸੀ?
ਹ) ਅੱਖਾਂ ਦਾ ਸਹੀ ਸਮੇਂ ਤੇ ਇਲਾਜ ਨਾ ਕਰਵਾਉਣ ਕਾਰਨ ਬੁੱਢੀ ਨੂੰ ਪਛਤਾਉਣਾ ਕਿਉਂ ਪਿਆ?
ਕ) ਬਾਬੇ ਬਖਤੌਰੇ ਦੇ ਚਿਹਰੇ 'ਤੇ ਨੂਰ ਕਦੋਂ ਆ ਜਾਂਦਾ ਹੈ?
ਖ) ਬੁੱਢੀ ਔਰਤ ਦਾ ਦੁਨੀਆ ਵਿੱਚ ਕੌਣ-ਕੌਣ ਆਪਣਾ ਸੀ?

15) **ਖਾਲੀ ਥਾਵਾਂ ਭਰੋ:** **(1×3=3)**

ੳ) ਸ਼ਹਿਰਾਂ ਦਾ .............. ਪਿੰਡਾਂ ਤੇ ਪੈ ਚੱਲਿਆ ਹੈ।

ਅ) ਤੂੰ ਤਾਂ ਬੜਾ ਪਤਲਾ ਤੇ ................ ਜਿਹਾ ਹੁੰਦਾ ਸੀ।

ੲ) ਅੱਖਾਂ ਨਾਲ ਹੀ ਤਾਂ ................ ਹੈ।

16) **ਹੇਠ ਲਿਖੇ ਵਾਕਾਂ ਵਿੱਚੋਂ ਸਹੀ ਵਾਕ ਅੱਗੇ ਸਹੀ ਅਤੇ ਗਲਤ ਵਾਕ ਅੱਗੇ ਗਲਤ ਲਿਖੋ।** **(½×4=2)**

ੳ) ਅੱਖਾਂ ਦੀ ਰੌਸ਼ਨੀ ਜਾਣ ਕਾਰਨ ਬੁੱਢੀ ਬਹੁਤ ਪਰੇਸ਼ਾਨ ਸੀ।

ਅ) ਰਵਿੰਦਰ ਸਿੰਘ ਨੇ ਸਚਮੁੱਚ ਦਵਾਈ ਪੀ ਲਈ ਸੀ।

ੲ) ਰੁੱਖ ਸਾਨੂੰ ਕਾਰਬਨਡਾਈਆਕਸਾਈਡ ਦਿੰਦੇ ਹਨ।

ਸ) ਬਾਬਾ ਬਖਤੌਰਾ ਨੱਬੇ ਸਾਲਾਂ ਦਾ ਬਜ਼ੁਰਗ ਸੀ।

17) **ਹੇਠ ਲਿਖੇ ਸ਼ਬਦ ਕਿਸ ਨੇ ਕਿਸ ਨੂੰ ਕਹੇ:** **(1×2=2)**

ੳ) "ਸਰ ! ਮੇਰਾ ਖਾਤਾ ਬੰਦ ਹੋ ਗਿਆ ਸੀ, ਉਸ ਨੂੰ ਨਵਿਆਉਣ ਲਈ ਆਉਣਾ ਪਿਆ।"

ਅ) "ਸਕੂਲ ਵਿੱਚ ਸਰ ਨੇ ਮੰਗਵਾਏ ਨੇ। ਬਿਲਡਿੰਗ ਫੰਡ ਦੇਣਾ ਹੈ।"

18) **ਹੇਠ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋਂ: (ਕੋਈ ਪੰਜ)** **(1×5=5)**

ਤਸਵੀਰ, ਇਲਾਜ, ਪਹਿਲਵਾਨ, ਆਕਸੀਜਨ, ਲੋਰੀ, ਮਹਿਮਾਨ